ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
ਬੈੱਡ ਬਗਜ਼ (ਖਟਮਲ) ਖ਼ਤਮ 647-688-3944
ਦੰਦ ਲਗਵਾਓ FREE ਮੁਫ਼ਤ 905-458-3344 With CDCP

UK 'ਚ ਨਿਸ਼ਾਨੇ 'ਤੇ ਹਿੰਦੂ-ਸਿੱਖ ਪਰਿਵਾਰਾਂ ਦੀਆਂ ਲੜਕੀਆਂ

ਲੰਡਨ: ਯੂਨਾਈਟਿਡ ਕਿੰਗਡਮ 'ਚ ਨਾਬਾਲਗ ਲੜਕੀਆਂ ਨੂੰ ਗਰੂਮਿੰਗ ਨਾਲ ਜੁੜੇ ਮਾਮਲਿਆਂ 'ਚ ਸਿੱਖ ਅਤੇ ਹਿੰਦੂ ਪਰਿਵਾਰਾਂ ਦੀਆਂ ਧੀਆਂ ਨੂੰ ਨਿਸ਼ਾਨਾ ਬਣਾਏ ਜਾਣ ਬਾਰੇ ਭਾਈਚਾਰਕ ਅਤੇ ਪੰਥਕ ਜਥੇਬੰਦੀਆਂ ਵਲੋਂ ਗੰਭੀਰ ਚਿੰਤਾ ਪ੍ਰਗਟਾਈ ਗਈ ਹੈ। ਸੰਸਥਾਵਾਂ ਮੁਤਾਬਿਕ ਹਾਲੀਆ ਸਮੇਂ 'ਚ ਅਜਿਹੀਆਂ ਸ਼ਿਕਾਇਤਾਂ 'ਚ ਵਾਧਾ ਹੋਇਆ ਹੈ ਜਿਸ ਤੋਂ ਬਾਅਦ ਸਿੱਖ ਨੌਜਵਾਨਾਂ ਵਲੋਂ ਜਾਗਰੂਕਤਾ ਮੁਹਿੰਮ ਤੇਜ਼ ਕੀਤੀ ਗਈ ਹੈ।

ਹੰਸਲੋ ਦੀ ਇੱਕ ਨਾਬਾਲਗ ਸਿੱਖ ਲੜਕੀ ਨੂੰ ਅਜਿਹੇ ਹੀ ਇੱਕ ਭਰਮ ਜਾਲ 'ਚ ਫ਼ਸਾਏ ਜਾਣ ਦੇ ਮਾਮਲੇ ਤੋਂ ਬਾਅਦ ਇਹ ਮਸਲਾ ਹੋਰ ਵੀ ਗੰਭੀਰ ਬਣ ਗਿਆ। ਭਾਈਚਾਰਕ ਹਲਕਿਆਂ ਦਾ ਕਹਿਣਾ ਹੈ ਕਿ ਇੱਕ ਧਰਮ ਨਾਲ ਸਬੰਧਤ ਕੁੱਝ ਗਿਰੋਹ ਇਸ ਗ਼ੈਰ-ਸਮਾਜਿਕ ਅਤੇ ਨਿੰਦਣਯੋਗ ਧੰਦੇ 'ਚ ਸਰਗਰਮ ਦੱਸੇ ਜਾ ਰਹੇ ਹਨ।

ਇਨ੍ਹਾਂ ਮਾਮਲਿਆਂ ਦੀ ਜਾਂਚ ਸਬੰਧਤ ਏਜੰਸੀਆਂ ਵਲੋਂ ਕੀਤੀ ਜਾ ਰਹੀ ਹੈ। ਇਸ ਸਬੰਧੀ ਸਿੱਖ ਯੂਥ UK ਦੇ ਮੁਖੀ ਭਾਈ ਦੀਪਾ ਸਿੰਘ ਵਲੋਂ ਆਪਣੇ ਸਾਥੀਆਂ ਸਮੇਤ ਵੱਖ-ਵੱਖ ਗੁਰਦੁਆਰਿਆਂ 'ਚ ਜਾ ਕੇ ਸੰਗਤਾਂ ਨੂੰ ਇਸ ਖ਼ਤਰੇ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।

ਲੰਡਨ 'ਚ ਮੱਥੇ 'ਤੇ ਤਿਲਕ ਲਾਉਣ ਮਗਰੋਂ ਬੱਚਾ ਸਕੂਲ ਛੱਡਣ ਲਈ ਮਜਬੂਰ

ਲੰਡਨ: ਲੰਡਨ 'ਚ ਇੱਕ ਅੱਠ ਸਾਲਾ ਹਿੰਦੂ ਵਿਦਿਆਰਥੀ ਨੂੰ ਮੱਥੇ 'ਤੇ ਲਾਏ ਤਿਲਕ ਕਰਕੇ ਸਕੂਲ ਬਦਲਣ ਲਈ ਮਜਬੂਰ ਕੀਤਾ ਗਿਆ। ਇੱਕ ਨਿਊਜ਼ ਚੈਨਲ ਨੇ ਆਪਣੀ ਰਿਪੋਰਟ 'ਚ ਬ੍ਰਿਟਿਸ਼ ਹਿੰਦੂ ਅਤੇ ਭਾਰਤੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੀ ਸਮਾਜਿਕ ਸੰਸਥਾ **Insight UK** ਦੇ ਹਵਾਲੇ ਨਾਲ ਕਿਹਾ ਕਿ ਲੰਡਨ ਦੇ ਵਿਕਾਰਜ਼ ਗ੍ਰੀਨ ਪ੍ਰਾਇਮਰੀ ਸਕੂਲ ਦੇ ਸਟਾਫ਼ ਨੇ ਬੱਚੇ ਨੂੰ ਆਪਣੀ ਇਸ ਧਾਰਮਿਕ ਰਿਵਾਇਤ ਬਾਰੇ ਸਮਝਾਉਣ ਅਤੇ ਜਾਇਜ਼ ਠਹਿਰਾਉਣ ਲਈ ਕਿਹਾ ਗਿਆ। ਸਮਾਜਿਕ ਸੰਸਥਾ ਨੇ

ਸਕੂਲ ਸਟਾਫ਼ ਦੀ ਇਸ ਕਾਰਵਾਈ ਨੂੰ ਪੂਰੀ ਤਰ੍ਹਾਂ ਗ਼ੈਰਵਾਜਬ ਦੱਸਿਆ।

ਰਿਪੋਰਟ 'ਚ ਦੋਸ਼ ਲਗਾਇਆ ਗਿਆ ਹੈ ਕਿ ਸਕੂਲ ਦੇ ਹੈੱਡ ਟੀਚਰ ਨੇ ਛੁੱਟੀ ਸਮੇਂ ਦੌਰਾਨ ਬੱਚੇ 'ਤੇ ਇਸ ਤਰ੍ਹਾਂ ਨਜ਼ਰ ਰੱਖੀ ਕਿ ਉਹ ਡਰ ਗਿਆ। ਇਸੇ ਡਰ ਕਰ ਕੇ ਉਸ ਨੇ ਖੇਡਣਾ ਛੱਡ ਦਿੱਤਾ, ਅਤੇ ਖ਼ੁਦ ਨੂੰ ਆਪਣੇ ਹੋਰਨਾਂ ਸਾਥੀਆਂ ਨਾਲੋਂ ਵੱਖ ਕਰ ਲਿਆ। ਰਿਪੋਰਟ 'ਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਬੱਚੇ ਨੂੰ ਸਕੂਲ 'ਚ ਜ਼ਿੰਮੇਵਾਰੀ ਵਾਲੇ ਅਹੁਦਿਆਂ ਤੋਂ ਸਿਰਫ਼ ਉਸ ਦੇ ਧਾਰਮਿਕ ਰੀਤੀ ਰਿਵਾਜਾਂ ਕਰ ਕੇ ਹਟਾ ਦਿੱਤਾ ਗਿਆ ਸੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਜੇਕਰ ਇਹ ਸਾਬਿਤ ਹੋ ਜਾਂਦਾ ਹੈ ਤਾਂ ਇਹ ਸਮਾਨਤਾ ਐਕਟ 2010 ਦੇ ਤਹਿਤ ਸਿੱਧਾ ਧਾਰਮਿਕ ਵਿਤਕਰਾ ਹੋਵੇਗਾ।

ਰਿਪੋਰਟ ਮੁਤਾਬਿਕ ਬੱਚੇ ਦੇ ਮਾਪਿਆਂ ਨੇ ਮੱਥੇ 'ਤੇ ਤਿਲਕ ਲਾਉਣ ਦੀ ਹਿੰਦੂ ਪ੍ਰਥਾ ਦੀ ਧਾਰਮਿਕ ਮਹੱਤਤਾ ਬਾਰੇ ਸਮਝਾਉਣ ਲਈ ਹੈੱਡ ਟੀਚਰ ਅਤੇ ਸਕੂਲ ਗਵਰਨਰ ਨਾਲ ਗੱਲਬਾਤ ਕਰਨ ਦੀਆਂ ਬਾਰ-ਬਾਰ ਕੋਸ਼ਿਸ਼ਾਂ ਕੀਤੀਆਂ, ਪਰ ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ। ਸਕੂਲ ਲੀਡਰਸ਼ਿਪ ਨੇ ਹਿੰਦੂ ਧਾਰਮਿਕ ਰੀਤੀ-ਰਿਵਾਜਾਂ ਨੂੰ ਸਵੀਕਾਰ ਕਰਨ ਜਾਂ ਸਮਝਣ ਦੀ ਇੱਛਾ ਨਹੀਂ ਦਿਖਾਈ। ਸਮਾਜਕ ਸੰਸਥਾ ਨੇ ਇਹ ਵੀ ਦੱਸਿਆ ਕਿ ਸਕੂਲ ਵਲੋਂ ਧਾਰਮਿਕ ਵਿਤਕਰੇ ਨੇ ਘੱਟੋ-ਘੱਟ ਚਾਰ ਬੱਚਿਆਂ ਨੂੰ ਸਕੂਲ ਛੱਡਣ ਲਈ ਮਜਬੂਰ ਕੀਤਾ ਗਿਆ ਹੈ।

ਲਾਪਤਾ ਸਰੂਪਾਂ ਦੇ ਮਾਮਲੇ 'ਤੇ ਸਰਕਾਰ ਦੇ ਯੂ-ਟਰਨ ਤੋਂ ਬਾਅਦ ਬੰਗਾ ਦਾ ਰਸੋਖ਼ਾਨਾ ਅਸਥਾਨ ਚਰਚਾ 'ਚ

ਜਲੰਧਰ: ਬੰਗਾ ਸ਼ਹਿਰ ਤੋਂ ਤਕਰੀਬਨ ਪੰਜ ਕਿਲੋਮੀਟਰ ਦੂਰ ਗੁਣਾਚੌਰ ਰੋਡ 'ਤੇ ਪਿੰਡ ਮਜ਼ਾਰਾ ਨੌ ਆਬਾਦ 'ਚ ਸਥਿਤ ਰਸੋਖ਼ਾਨਾ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦਾ ਪਵਿੱਤਰ ਅਸਥਾਨ ਪਿਛਲੇ ਲਗਭਗ ਇੱਕ ਹਫ਼ਤੇ ਤੋਂ ਸੁਰਖ਼ੀਆਂ 'ਚ ਹੈ। ਜਦੋਂ ਤੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮਾਘੀ ਮੇਲੇ ਮੌਕੇ ਇਹ ਐਲਾਨ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ 328 ਲਾਪਤਾ ਸਰੂਪਾਂ 'ਚੋਂ 139 ਸਰੂਪ ਉਥੋਂ ਮਿਲੇ ਹਨ, ਓਦੋਂ ਤੋਂ ਹੀ ਕਾਂਗਰਸ, ਭਾਜਪਾ ਅਤੇ ਸੱਤਾਧਾਰੀ ਆਪ ਦੇ ਸਿਆਸੀ ਆਗੂਆਂ ਦਾ ਇੱਥੇ ਆਉਣਾ ਲਗਾਤਾਰ ਜਾਰੀ ਹੈ।

ਹਾਲਾਂਕਿ ਹੁਣ ਸੂਬਾ ਸਰਕਾਰ ਆਪਣੇ ਪਹਿਲੇ ਸਟੈਂਡ ਤੋਂ ਅੰਸ਼ਕ ਤੌਰ 'ਤੇ ਪਿੱਛੇ ਹੱਟ ਗਈ ਹੈ ਪਰ ਇਸ ਸ਼ਾਂਤ ਧਾਰਮਿਕ ਅਸਥਾਨ ਨੇ ਅਚਾਨਕ ਸਾਰਿਆਂ ਦਾ ਧਿਆਨ ਆਪਣੇ ਵਲ ਖਿੱਚ ਲਿਆ ਹੈ।

ਰਾਜਾ ਸਾਹਿਬ ਜੀ ਦਾ ਜੀਵਨ ਇਤਿਹਾਸ: ਰਾਜਾ ਸਾਹਿਬ ਹੁਸ਼ਿਆਰਪੁਰ ਦੇ ਪਿੰਡ ਮੰਨਣ ਹਾਣਾ ਦੇ ਨੰਬਰਦਾਰ ਬਾਬਾ ਨੌਧਾ ਸਿੰਘ ਦੇ ਪੋਤੇ ਸਨ। ਉਨ੍ਹਾਂ ਦਾ ਜਨਮ 1862 'ਚ ਉਨ੍ਹਾਂ ਦੇ ਨਾਨਕੇ ਪਿੰਡ ਬੱਲੋਵਾਲ (ਨਵਾਂਸ਼ਹਿਰ) ਵਿਖੇ ਹੋਇਆ ਸੀ। ਉਨ੍ਹਾਂ ਨੇ ਕਦੇ ਵੀ ਆਪਣੇ ਪਰਿਵਾਰਿਕ ਪੇਸ਼ੇ ਨੰਬਰਦਾਰੀ ਨੂੰ ਨਹੀਂ ਅਪਨਾਇਆ, ਅਤੇ ਇਸ ਦੀ ਬਜਾਏ ਇੱਕ ਫ਼ਕੀਰਾਨਾ ਤੇ ਸੰਤ ਵਾਲਾ ਜੀਵਨ ਬਤੀਤ ਕੀਤਾ।

ਮਾਨਤਾ ਅਨੁਸਾਰ ਉਨ੍ਹਾਂ ਦੇ ਮਾਤਾ-ਪਿਤਾ ਮੰਗਲ ਦਾਸ ਅਤੇ ਸਾਹਿਬ ਦੇਵੀ ਦੇ ਘਰ ਲੰਬੇ ਸਮੇਂ ਤਕ ਕੋਈ ਸੰਤਾਨ ਨਹੀਂ ਸੀ ਜਿਸ

ਕਾਰਨ ਉਹ ਪੁੱਤਰ ਦੀ ਇੱਛਾ 'ਚ ਸੰਤਾਂ-ਮਹਾਪੁਰਸ਼ਾਂ ਦੀ ਸੇਵਾ ਕਰਦੇ ਸਨ। ਉਨ੍ਹਾਂ ਦੇ ਪਿਤਾ ਨੇ ਭਗਤੀ ਦੌਰਾਨ ਇੱਕ ਬ੍ਰਹਮ ਸੰਦੇਸ਼ ਸੁਣਿਆ ਕਿ ਉਨ੍ਹਾਂ ਨੂੰ ਜਲਦੀ ਹੀ ਇੱਕ ਅਜਿਹਾ ਪੁੱਤਰ ਬਖ਼ਸ਼ਿਆ ਜਾਵੇਗਾ ਜੋ ਲੋਕਾਂ ਦੇ ਦੁੱਖ ਦੂਰ ਕਰੇਗਾ, ਅਤੇ ਇਹ ਗੱਲ ਬਾਅਦ 'ਚ ਸੱਚ ਸਾਬਤ ਹੋਈ।

ਭਾਵੇਂ ਪੰਜਾਬ ਭਰ 'ਚ ਰਾਜਾ ਸਾਹਿਬ ਨਾਲ ਸਬੰਧਤ ਕਈ ਅਸਥਾਨ ਹਨ, ਪਰ ਬੰਗਾ ਦੇ ਮਜ਼ਾਰਾ ਨੌ ਆਬਾਦ ਵਿਖੇ ਉਹ ਸਥਾਨ ਹੈ ਜਿੱਥੇ 30 ਅਗਸਤ 1940 ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ। ਅੱਜ ਉਸੇ ਥਾਂ 'ਤੇ ਇੱਕ ਵਿਸ਼ਾਲ ਅਸਥਾਨ ਬਣਿਆ ਹੋਇਆ ਹੈ। ਅਸਥਾਨ ਦੇ ਮੁੱਖ ਸੇਵਾਦਾਰ ਅਮਰੀਕ ਸਿੰਘ ਬੱਲੋਵਾਲ ਅਨੁਸਾਰ ਰਾਜਾ ਸਾਹਿਬ ਦੀ ਕੋਈ ਵੀ ਫ਼ੋਟੋ ਮੌਜੂਦ ਨਹੀਂ ਕਿਉਂਕਿ ਉਨ੍ਹਾਂ ਨੇ ਕਦੇ ਵੀ ਫ਼ੋਟੋ ਨਹੀਂ ਸੀ ਖਿਚਵਾਈ।

ਅਸਥਾਨ ਨੂੰ ਰਸੋਖ਼ਾਨਾ ਕਿਹਾ ਜਾਂਦਾ ਹੈ ਕਿਉਂਕਿ ਇਸ ਦਾ ਅਰਥ ਹੈ ਰੂਹਾਨੀ ਰਸ ਜਾਂ ਮਿਠਾਸ ਦਾ ਘਰ। ਉਨ੍ਹਾਂ ਦਾ ਅਸਲ ਨਾਮ ਭਗਵਾਨ ਦਾਸ ਸੀ, ਪਰ ਬਾਅਦ 'ਚ ਉਹ ਨਾਭ ਕੰਵਲ (ਆਕਾਸ਼ ਦਾ ਕੰਵਲ) ਰਾਜਾ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਏ। ਡੇਰੇ 'ਚ ਕਈ ਥਾਵਾਂ 'ਤੇ ਕੰਵਲ ਦੇ ਚਿੰਨ੍ਹ ਦੇਖੇ ਜਾ ਸਕਦੇ ਹਨ, ਅਤੇ ਉਨ੍ਹਾਂ ਦੇ ਜੀਵਨ ਦਾ ਵਿਸਤ੍ਰਿਤ ਵਰਣਨ ਨੂਰੀ ਕਿਰਨਾਂ ਗ੍ਰੰਥ 'ਚ ਮਿਲਦਾ ਹੈ।

ਇਸ ਥਾਂ 'ਤੇ ਹਰ ਧਰਮ ਅਤੇ ਜ਼ਾਤ ਦੇ ਲੋਕ ਇੱਥੇ ਆਉਂਦੇ ਹਨ। ਵਿਸ਼ਵਾਸ ਹੈ ਕਿ ਉੱਥੇ ਮੰਗੀ ਗਈ ਹਰ ਮੁਰਾਦ ਪੂਰੀ ਹੁੰਦੀ ਹੈ। ਸ਼ਰਧਾਲੂਆਂ ਦਾ ਮੰਨਣਾ ਹੈ ਕਿ ਇੱਥੇ ਖਿਡੌਣਾ ਹਵਾਈ ਜਹਾਜ਼ ਚੜ੍ਹਾਉਣ ਨਾਲ ਵਿਦੇਸ਼ ਜਾਣ ਦਾ ਮੌਕਾ ਮਿਲਦਾ ਹੈ। ਇਸੇ ਕਾਰਨ ਵੱਡੀ ਗਿਣਤੀ 'ਚ RNI ਇੱਥੇ ਸੋਨਾ, ਚਾਂਦੀ ਅਤੇ ਨਕਦੀ ਭੇਂਟ ਕਰਦੇ ਹਨ। ਕਿਸੇ ਵੀ ਧਾਰਮਿਕ ਸਮਾਗਮ ਮੌਕੇ ਸੂਬੇ ਭਰ ਦੇ ਤਿੰਨ ਹਜ਼ਾਰ ਤੋਂ ਵੱਧ ਟੈਕਸੀ ਚਾਲਕ ਸ਼ਰਧਾਲੂਆਂ ਨੂੰ ਮੁਫ਼ਤ ਸੇਵਾ ਪ੍ਰਦਾਨ ਕਰਦੇ ਹਨ। ਇੱਥੇ ਗੁਰੂ ਗ੍ਰੰਥ ਸਾਹਿਬ ਜੀ ਦੇ 169 ਪਾਵਨ ਸਰੂਪ ਮੌਜੂਦ ਹਨ। ਹੁਸ਼ਿਆਰਪੁਰ ਦੇ ਸਾਬਕਾ SSP ਕੁਲਵੰਤ ਸਿੰਘ ਹੀਰ ਅਨੁਸਾਰ ਆਖੰਡ ਪਾਠ ਕਰਵਾਉਣ ਲਈ 2-3 ਮਹੀਨੇ ਪਹਿਲਾਂ ਬੁਕਿੰਗ ਕਰਨੀ ਪੈਂਦੀ ਹੈ।

ਜਦੋਂ ਮੁੱਖ ਮੰਤਰੀ ਨੇ 139 ਸਰੂਪਾਂ ਬਾਰੇ ਬਿਆਨ ਦਿੱਤਾ ਤਾਂ ਬੰਗਾ ਤੋਂ ਆਪ ਵਿਧਾਇੱਕ ਡਾ. ਸੁਖਵਿੰਦਰ ਕੁਮਾਰ ਸੁੱਖੀ ਲਈ ਇਹ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ। ਉਨ੍ਹਾਂ ਨੇ ਅਸਥਾਨ ਦੇ ਸਨਮਾਨ ਦੀ ਖ਼ਾਤਿਰ ਆਪਣੇ ਕੈਬਨਿਟ ਰੈਂਕ ਵਾਲੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਉਸ ਤੋਂ ਬਾਅਦ ਚਰਨਜੀਤ ਸਿੰਘ ਚੰਨੀ, ਹਰਜਿੰਦਰ ਸਿੰਘ ਧਾਮੀ, ਸੁਖਬੀਰ ਸਿੰਘ ਬਾਦਲ ਅਤੇ ਸੁਭਾਸ਼ ਸ਼ਰਮਾ ਵਰਗੇ ਦਿੱਗਜ ਆਗੂਆਂ ਨੇ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਦਿੱਤਾ। ਸਥਿਤੀ ਨੂੰ ਵਿਗੜਦੀ ਦੇਖ ਕੇ ਮੰਤਰੀ ਹਰਪਾਲ ਚੀਮਾ ਅਤੇ ਹਰਜੋਤ ਬੈਂਸ ਨੇ ਸਪੱਸ਼ਟ ਕੀਤਾ ਕਿ SIT ਨਾਲ ਗੱਲਬਾਤ 'ਚ ਮਿਸ-ਕਮਿਊਨੀਕੇਸ਼ਨ (ਗਲਤਫ਼ਹਿਮੀ) ਹੋਈ ਸੀ, ਅਤੇ ਰਿਕਾਰਡ 'ਚ ਕੁੱਝ ਤਕਨੀਕੀ ਅੰਤਰ ਸੀ ਜਿਸ ਕਾਰਨ ਇਹ ਭੁਲੇਖਾ ਪਿਆ।

ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
ਦੰਦਾਂ ਦੀ ਦੇਖਭਾਲ 905-450-5600
Security Cameras CCTV Live Monitoring 647-863-9232
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਲੀਗਲ ਸੇਵਾਵਾਂ 905-913-2355
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 905-595-1700

ਮਰਨ ਤੋਂ ਕੁਝ ਸਕਿੰਟ ਪਹਿਲਾਂ ਕੀ ਦਿੱਸਦੈ?

ਨਵੀਂ ਦਿੱਲੀ: ਮੌਤ ਹਮੇਸ਼ਾ ਤੋਂ ਹੀ ਮਨੁੱਖ ਜਾਤੀ ਲਈ ਸਭ ਤੋਂ ਵੱਡਾ ਰਹੱਸ ਰਹੀ ਹੈ। ਅਕਸਰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਮੌਤ ਦੇ ਨਜ਼ਦੀਕ ਇਨਸਾਨ ਕੀ ਮਹਿਸੂਸ ਕਰਦਾ ਹੈ? ਕੀ ਸੱਚਮੁੱਚ ਕੋਈ ਚਿੱਟੀ ਰੌਸ਼ਨੀ ਦਿਖਾਈ ਦਿੰਦੀ ਹੈ ਜਾਂ ਪੁਰਾਣੀਆਂ ਯਾਦਾਂ ਅੱਖਾਂ ਸਾਹਮਣੇ ਘੁੰਮਦੀਆਂ ਹਨ? ਹਾਲ ਹੀ 'ਚ ਵਿਗਿਆਨੀਆਂ ਨੇ ਇਸ ਰਹੱਸ ਤੋਂ ਪਰਦਾ ਚੁੱਕਣ ਲਈ ਇੱਕ ਵਿਸ਼ੇਸ਼ ਖੋਜ ਕੀਤੀ ਹੈ।

ਦਿਮਾਗ਼ 'ਚ ਚੱਲਦੀ ਹੈ ਯਾਦਾਂ ਦੀ ਫ਼ਿਲਮ: ਵਿਗਿਆਨਕ ਰਿਪੋਰਟਾਂ ਅਨੁਸਾਰ ਸ਼ਰੀਰ ਦੇ ਕੰਮ ਕਰਨਾ ਬੰਦ ਕਰਨ ਦੇ ਬਾਵਜੂਦ ਦਿਮਾਗ਼ ਦੇ ਕੁਝਹਿੱਸੇ ਅੰਤਿਮ ਸਮੇਂ ਤਕ ਸਰਗਰਮ ਰਹਿੰਦੇ ਹਨ। ਖੋਜਕਰਤਾਵਾਂ ਨੇ ਪਾਇਆ ਕਿ ਮੌਤ ਤੋਂ ਠੀਕ ਪਹਿਲਾਂ ਦਿਮਾਗ਼ 'ਚ ਗਾਮਾ ਔਸੀਲੇਸ਼ਨ ਨਾਮੀਂ ਤਰੰਗਾਂ ਤੇਜ਼ ਹੋ ਜਾਂਦੀਆਂ ਹਨ। ਇਹ ਉਹੀ ਤਰੰਗਾਂ ਹਨ ਜੋ ਸੁਪਨੇ ਦੇਖਣ, ਧਿਆਨ ਲਗਾਉਣ ਜਾਂ ਕਿਸੇ ਪੁਰਾਣੀ ਯਾਦ ਨੂੰ ਤਾਜ਼ਾ ਕਰਨ ਸਮੇਂ ਪੈਦਾ ਹੁੰਦੀਆਂ ਹਨ। ਇਸ ਦਾ ਮਤਲਬ ਹੈ ਕਿ ਮੌਤ ਵੇਲੇ

ਵਿਅਕਤੀ ਆਪਣੇ ਜੀਵਨ ਦੇ ਯਾਦਗਾਰ ਪਲ ਇੱਕ ਫ਼ਲੈਸ਼ਬੈਕ ਵਾਂਗ ਦੇਖ ਸਕਦਾ ਹੈ ਜਿਸ ਨੂੰ ਵਿਗਿਆਨਕ ਭਾਸ਼ਾ 'ਚ ਨੀਅਰ-ਡੈੱਥ ਐਕਸਪੀਰੀਐਂਸ ਕਿਹਾ ਜਾਂਦਾ ਹੈ।

ਦਿਲ ਰੁੱਕਣ ਤੋਂ ਬਾਅਦ ਵੀ ਦਿਮਾਗ਼ ਰਹਿੰਦਾ ਹੈ ਹਾਈਪਰ-ਐਕਟਿਵ: ਅਮਰੀਕਾ ਦੀ ਲੁਇਸਵੀਲ ਯੂਨੀਵਰਸਿਟੀ ਦੇ ਨਿਊਰੋਸਰਜਨ ਡਾ. ਅਜਮਲ ਜੇਮਰ ਵਲੋਂ ਕੀਤੀ ਗਈ ਇੱਕ ਸਟੱਡੀ 'ਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਇੱਕ 87 ਸਾਲਾ ਮਰੀਜ਼ ਦੀ ਮੌਤ ਦੌਰਾਨ ਕੀਤੀ ਗਈ ਈਈਜੀ (557) ਮੌਨੀਟਰਿੰਗ ਤੋਂ ਪਤਾ ਲੱਗਾ ਕਿ ਦਿਲ ਰੁੱਕਣ ਤੋਂ ਬਾਅਦ ਵੀ ਲਗਭਗ 30 ਸਕਿੰਟ ਤਕ ਦਿਮਾਗ਼ 'ਚ ਉੱਚ ਪੱਧਰੀ ਗਤੀਵਿਧੀ ਜਾਰੀ ਰਹਿੰਦੀ ਹੈ। ਇਸ ਦੌਰਾਨ ਗਾਮਾ, ਥੀਟਾ, ਐਲਫ਼ਾ ਅਤੇ ਬੀਟਾ ਵਰਗੀਆਂ ਦਿਮਾਗ਼ੀ ਤਰੰਗਾਂ ਸਰਗਰਮ ਹੁੰਦੀਆਂ ਹਨ ਜੋ ਆਮ ਤੌਰ 'ਤੇ ਯਾਦਾਂ ਅਤੇ ਸੋਚਣ-ਸਮਝਣ ਦੀ ਪ੍ਰਕਿਰਿਆ ਨਾਲ ਜੁੜੀਆਂ ਹੁੰਦੀਆਂ ਹਨ।

ਕਿਉਂ ਦਿਖਾਈ ਦਿੰਦੀ ਹੈ ਚਿੱਟੀ ਰੌਸ਼ਨੀ? ਬਹੁਤ ਸਾਰੇ ਲੋਕ ਜੋ ਮੌਤ ਦੇ ਕਰੀਬ ਜਾ ਕੇ ਵਾਪਿਸ ਆਏ ਹਨ, ਉਹ ਇੱਕ ਹਨ੍ਹੇਰੀ ਸੁਰੰਗ ਅਤੇ ਉਸ ਦੇ ਅੰਤ 'ਚ ਤੇਜ਼ ਚਿੱਟੀ ਰੌਸ਼ਨੀ ਦੇਖਣ ਦਾ ਦਾਅਵਾ ਕਰਦੇ ਹਨ। ਵਿਗਿਆਨੀਆਂ ਅਨੁਸਾਰ ਜਿਵੇਂ ਹੀ ਦਿਲ ਕੰਮ ਕਰਨਾ ਬੰਦ ਕਰਦਾ ਹੈ, ਦਿਮਾਗ਼ 'ਚ ਖ਼ੂਨ ਅਤੇ ਔਕਸੀਜਨ ਦੀ ਕਮੀ ਹੋਣ ਲੱਗਦੀ ਹੈ। ਇਸ ਨਾਲ ਅੱਖਾਂ ਅਤੇ ਦਿਮਾਗ਼ ਦੇ ਵਿਯੂਅਲ ਕੋਰਟੈਕਸ ਵਿਚਕਾਰ ਸੰਪਰਕ ਟੁੱਟ ਜਾਂਦਾ ਹੈ ਜਿਸ ਕਾਰਨ ਟਨਲ ਵਿਯਨ ਜਾਂ ਚਿੱਟੀ ਰੌਸ਼ਨੀ ਦਿਖਾਈ ਦਿੰਦੀ ਹੈ।

ਦਰਦ ਦੀ ਜਗ੍ਹਾ ਮਹਿਸੂਸ ਹੁੰਦੈ ਸਕੂਨ: ਖੋਜਾਂ 'ਚ ਇਹ ਵੀ ਪਾਇਆ ਗਿਆ ਹੈ ਕਿ ਮੌਤ ਦੇ ਸਮੇਂ ਦਿਮਾਗ ਕੁਝ਼ਖ਼ਾਸ ਨਿਊਰੋਕੈਮੀਕਲਜ਼ ਜਿਵੇਂ ਕਿ ਐਂਡੋਰਫ਼ਿਨ ਰਿਲੀਜ਼ ਕਰਦਾ ਹੈ। ਇਹ ਕੈਮੀਕਲ ਡਰ ਅਤੇ ਦਰਦ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਇਹੀ ਕਾਰਨ ਹੈ ਕਿ ਹੋਸ਼ 'ਚ ਆਉਣ ਵਾਲੇ ਲੋਕ ਅਕਸਰ ਮੌਤ ਦੇ ਅਨੁਭਵ ਨੂੰ ਬਹੁਤ ਸ਼ਾਂਤਮਈ ਅਤੇ ਸਕੂਨ ਭਰਿਆ ਦੱਸਦੇ ਹਨ।

Canada ਭਾਰਤੀ ਡਾਕਟਰਾਂ ਨੂੰ ਦੇਵੇਗਾ Express Entry VIsa

ਟੋਰੌਂਟੋ: ਕੈਨੇਡਾ ਨੇ ਆਪਣੀਆਂ ਡਾਕਟਰੀ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਭਾਰਤੀ ਡਾਕਟਰਾਂ ਨੂੰ ਇੱਕ ਵੱਡੀ ਪੇਸ਼ਕਸ਼ ਕੀਤੀ ਹੈ। ਇਸ ਤਹਿਤ ਭਾਰਤੀ ਡਾਕਟਰਾਂ ਨੂੰ **Express Entry Visas** ਦਿੱਤੇ ਜਾਣਗੇ। ਪਹਿਲੇ ਪੜਾਅ 'ਚ ਸੰਘੀ ਸੇਵਾਵਾਂ ਲਈ ਇੱਕ ਹਜ਼ਾਰ ਡਾਕਟਰਾਂ ਅਤੇ ਸੂਬਾਈ ਸਰਕਾਰਾਂ ਲਈ ਪੰਜ ਹਜ਼ਾਰ ਡਾਕਟਰਾਂ ਨੂੰ ਵੀਜ਼